ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਸੇਵਾ ਵਿਖੇ

ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ
ਸਾਰੀਆਂ ਮੈਡੀਕਲ, ਡੈਂਟਲ, ਆਯੂਰਵੈਦਿਕ, ਹੋਮੋਪੈਥਿਕ,
ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀਆਂ ਨੂੰ

ਨੰ: 6ਐਮ.ਈ.3(6)-ਪੰ:-13 8754-9049

ਮਿਤੀ ਚੰਡੀਗੜ੍ਹ: 15-5-2013

ਵਿਸ਼ਾ:- **<u>Regarding computerization of Scholarship Scheme- Web Based Portal through NIC.</u>**

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਪਿਠ ਅੰਕਣ ਨੰ: 6562-6858 ਮਿਤੀ 16.04.2013 ਦੇ ਹਵਾਲੇ ਵਿੱਚ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ:128-29, ਸੈਕਟਰ-34-ਏ, ਚੰਡੀਗੜ੍ਹ ਵਲੋਂ ਸਕਾਲਰਸਿਪ ਸਕੀਮ ਨੂੰ ਆਨ ਲਾਈਨ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਭਲਾਈ ਵਿਭਾਗ ਵਲੋਂ ਮੀਮੋ ਨੰ: 7559-62 ਮਿਤੀ 04.04.2013 (ਕਾਪੀ ਨੱਥੀ) ਰਾਹੀਂ ਗਾਈਡ ਲਾਈਨਾਂ ਭੇਜਦੇ ਹੋਏ, ਐਕਸਲ ਪ੍ਰਫਾਰਮੇ ਵਿੱਚ ਹਰੇਕ ਸੰਸਥਾਵਾਂ ਦੀ ਸੂਚਨਾ ਮੰਗੀ ਗਈ ਹੈ, ਪ੍ਰਫਾਰਮਾ ਸਮੇਤ ਸੌਫਟ ਕਾਪੀ ਨਾਲ ਨੱਥੀ ਹੈ। ਇਸ ਪ੍ਰਫਾਰਮੇ ਅਨੁਸਾਰ ਸੂਚਨਾ ਮੁਕੰਮਲ ਕਰਕੇ ਮਿਤੀ 16.05.2013 ਤੱਕ ਈ.ਮੇਲ ਆਈ.ਡੀ. drme6me3@gmail.com ਉੱਤੇ ਭੇਜਣ ਨੂੰ ਯਕੀਨੀ ਬਣਾਇਆ। ਇਸ ਸਬੰਧੀ ਸੰਸਥਾਵਾਂ ਨੂੰ ਸਪਸ਼ਟ ~~ਕਰ ਦਿੱਤਾ ਜਾਵੇ~~ ਕੀਤਾ ਜਾਂਦਾ ਹੈ ਕਿ ਜਿਹੜੀਆ ਸੰਸਥਾਵਾਂ ਇਹ ਸੂਚਨਾ ਨਹੀਂ ਦੇਣਗੀਆਂ ਭਲਾਈ ਵਿਭਾਗ ਵਲੋਂ ਉਨ੍ਹਾਂ ਸੰਸਥਾਵਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਨਾ ਕਰਨ ਅਤੇ ਵਿਦਿਆਰਥੀਆਂ ਨੂੰ ਭਲਾਈ ਸਕੀਮਾਂ ਦੇ ਲਾਭ ਤੋਂ ਵਾਂਝਾ ਰੱਖਣ ਕਰਕੇ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ।

**<u>ਸੂਚਨਾ ਦੀ ਐਕਸਲ ਫਾਈਲ ਅਤੇ ਦਸਤਖਤ ਕੀਤੀ ਸਕੈਨਡ ਕਾਪੀ ਦੋਵੇਂ ਹੀ ਭੇਜੀਆਂ ਜਾਣ ਅਤੇ ਮੇਲ ਇੱਕ ਵਾਰੀ ਹੀ ਕੀਤੀ ਜਾਵੇ, ਰਪੀਟ ਨਾ ਕੀਤੀ ਜਾਵੇ।</u>**

ਸੰਸਥਾ ਦੇ ਨਾਮ ਦੇ ਸਾਮਣੇ ਫਾਰਮ/ਸੀਟ ਨੰ: 2 ਉੱਤੇ ਕੋਰਸਾਂ ਸਬੰਧੀ ਸੂਚਨਾ ਦਿੱਤੀ ਜਾਣੀ ਹੈ। ਸੰਸਥਾ ਵਿੱਚ ਜੋ ਵੀ ਕੋਰਸ ਚੱਲ ਰਹੇ ਹਨ, ਉਨ੍ਹਾਂ ਦੀਆਂ ਸੀਟਾਂ ਦੀ ਗਿਣਤੀ ਸਬੰਧਤ ਕੋਰਸ ਵਾਲੇ ਕਾਲਮ ਵਿੱਚ ਭਰੀ ਜਾਵੇ, ਇਸ ਤੋਂ ਇਲਾਵਾ ਕੋਈ ਸਪੇਸ ਜਾਂ ਡੈਸ਼ ਆਦਿ ਨਾ ਲਗਾਈ ਜਾਵੇ ਕੇਵਲ ਗਿਣਤੀ ਹੀ ਭਰੀ ਜਾਵੇ। ਸਬੰਧਤ ਸੰਸਥਾ ਵਿੱਚ ਜੋ ਕੋਰਸ ਨਹੀਂ ਚੱਲ ਰਹੇ ਉਨ੍ਹਾਂ ਵਿੱਚ ਕੇਵਲ No ਲਿਖਿਆ ਜਾਵੇ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ